# ਕੀ ਸਕੂਲ ਵਿਚ ਕੋਈ ਮਨੁੱਖੀ ਅਧਿਕਾਰ ਨਹੀਂ ਹਨ?

No human rights at school?

ਜੇਕਰ ਤੁਸੀ ਸੋਚਦੇ ਹੋ ਕਿ ਤੁਹਾਡਾ ਸਕੂਲ ਉਹ ਕੁਝ ਨਹੀਂ ਕਰ ਰਿਹਾ ਜਿਹੜਾ ਇਸ ਦਾ ਕਰਤੱਵ ਹੈ ਜਾਂ ਜੋ ਕੁਝ ਇਸ ਨੂੰ ਕਰਨਾ ਚਾਹੀਦਾ ਹੈ ਉਹ ਨਹੀਂ ਕਰ ਰਿਹਾ ਤਾਂ ਤੁਸੀਂ ਆਪਣੇ ਮਾਤਾ–ਪਿਤਾ ਜਾਂ ਕਿਸੇ ਟੀਚਰ ਜਾਂ ਕਿਸੇ ਇਹੋ ਜਿਹੇ ਬੰਦੇ ਨੂੰ ਦਸ ਸਕਦੇ ਹੋ ਜਿਹੜਾ ਤੁਹਾਡੀ ਸਹਾਇਤਾ ਕਰ ਸਕੇ।

ਗੰਭੀਰ ਕੇਸਾਂ ਵਿਚ ਸ਼ਾਇਦ ਤੁਹਾਨੂੰ ਕਾਨੂੰਨੀ ਸਲਾਹ ਦੀ ਲੋੜ ਪਵੇ। ਜੇਕਰ ਤੁਸੀਂ ਉਮਰ ਵਿਚ ਕਾਫੀ ਵੱਡੇ ਹੋ ਤਾਂ ਤੁਸੀਂ ਆਪਣਾ ਵਕੀਲ ਕਰ ਸਕਦੇ ਹੋ (ਸ਼ਇਦ ਇਹ ਮੁਫਤ ਹੋਵੇ) ਜਾਂ ਆਪਣੇ ਮਾਤਾ–ਪਿਤਾ ਨੂੰ ਪੁੱਛੋ।

ਫੋਨ ਤੇ ਜਾਂ ਇੰਟਰਨੈੱਟ ਤੇ ਤੁਸੀਂ ਹੋਰ ਜ਼ਿਆਦਾ ਜਾਣਕਾਰੀ ਅਤੇ ਸਲਾਹ ਲੈ ਸਕਦੇ ਹੋ। ਪਿਛਲੇ ਪੰਨੇ ਤੇ ਹੋਰ ਜ਼ੋਆਦਾ ਵੇਰਵੇ ਹਨ।

ਇਹ ਪਰਚਾ ਐਜੂਕੇਸ਼ਨ ਲਾਅ ਯੂਨਟ ਵਲੋਂ ਲਿਖਿਆ ਗਿਆ ਹੈ। ਤੁਸੀਂ ਸਾਡੇ ਨਾਲ ਸੰਪਰਕ ਏਥੇ ਕਰ ਸਕਦੇ ਹੋ:


**Education Law Unit,**
**Govan Law Centre,**
**47 Burleigh Street,**
**Glasgow G51 3LB**

ਟੈਲੀ /ਟੈਕਸਟ: **0141 445 1955**

ਫੈਕਸ: **0141 445 3934**

ਈ–ਮੇਲ: **advice@edlaw.org.uk**

ਵੈੱਬ: **www.edlaw.org.uk**


ਤੁਸੀਂ ਹੋਰ ਜ਼ਿਆਦਾ ਸਲਾਹ ਏਥੋਂ ਲੈ ਸਕਦੇ ਹੋ:

ਐਨਕੁਆਇਰ: **0131 222 2400**

ਸਕਾਟਿਸ਼ ਚਾਈਲਡ ਲਾਅ ਸੈਂਟਰ
18 ਸਾਲ ਤੋਂ ਵਾਲਿਆਂ ਲਈ ਮੁਫਤ ਫੋਨ:
**0800 328 8970**

Punjabi/INFO-Rights(406N2)

# ਸਕੂਲ ਵਿਚ ਮਨੁੱਖੀ ਅਧਿਕਾਰ

ਸਕੂਲ ਵਿਚ ਬੱਚਿਆਂ ਅਤੇ ਨੌਜਵਾਨ ਲੋਕਾਂ ਦੇ ਵੀ ਅਧਿਕਾਰ ਹਨ

## ਸਕੂਲ ਵਿਚ ਮਨੁੱਖੀ ਅਧਿਕਾਰ

Human Rights at School

ਇਹ ਪਰਚਾ ਉਨ੍ਹਾਂ ਬੱਚਿਆਂ ਅਤੇ ਨੌਜਵਾਨ ਲੋਕਾਂ ਲਈ ਹੈ ਜਿਨ੍ਹਾਂ ਨੂੰ ਸਕੂਲ ਵਿਚ ਵਾਧੂ ਸਹਾਇਤਾ ਦੀ ਲੋੜ ਹੈ। ਇਹ ਬਰੇਲ, ਆਡੀਓ, ਬੀ ਐਸ ਐਲ ਵਿਡੀਓ ਅਤੇ ਹੋਰ ਭਾਸ਼ਾਵਾਂ ਵਿਚ ਵੀ ਉਪਲਬਧ ਹੈ।

## ਮਨੁੱਖੀ ਅਧਿਕਾਰ ਕੀ ਹਨ?

What are human rights?

ਮਨੁੱਖੀ ਅਧਿਕਾਰ ਉਹ ਚੀਜ਼ਾਂ ਹਨ ਜਿਨ੍ਹਾਂ ਬਾਰੇ ਕਨੂੰਨ ਕਹਿੰਦਾ ਹੈ, ਭਾਂਵੇਂ ਕੁਝ ਵੀ ਹੋਵੇ, ਇਹ ਸੱਭ ਦੇ ਹੋਣੇ ਚਾਹੀਦੇ ਹਨ। ਇਸ ਦਾ ਮਤਲਬ ਇਹ ਹੈ ਕਿ ਇਸ ਵਿਚ ਬੱਚੇ ਅਤੇ ਨੌਜਵਾਨ ਲੋਕ ਵੀ ਆ ਜਾਂਦੇ ਹਨ।

ਕੁਝ ਇਹੋ ਜਿਹੇ ਵੀ ਮਨੁੱਖੀ ਅਧਿਕਾਰ ਹਨ ਜਿਹੜੇ ਕੇਵਲ 18 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਦੇ ਹਨ। ਕੁਝ ਮਨੁੱਖੀ ਅਧਿਕਾਰਾਂ ਦਾ ਸੰਬੰਧ ਉਨ੍ਹਾਂ ਚੀਜ਼ਾਂ ਨਾਲ ਹੈ ਜਿਹੜੀਆਂ ਸਕੂਲ ਵਿਚ ਹੁੰਦੀਆਂ ਹਨ।

## ਸਕੂਲ ਵਿਚ ਮਨੁੱਖੀ ਅਧਿਕਾਰ

Human rights at school

ਸਕੂਲ਼ ਜਾਣਾ ਤੁਹਾਡਾ ਅਧਿਕਾਰ ਹੈ। ਸਕੂਲ ਨੂੰ ਤੁਹਾਡੀ ਗੱਲ ਸੁਣਨੀ ਚਾਹੀਦੀ ਹੈ ਅਤੇ ਤੁਹਾਡੀ ਰਾਇ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਕੂਲ ਨੂੰ ਤੁਹਾਡੇ ਧਰਮ ਅਤੇ ਸਭਿਅਤਾ ਕਰਨਾ ਚਾਹੀਦਾ ਹੈ। ਜੇ ਕਰ ਤੁਸੀਂ ਡਿਸਏਬਲਡ ਹੋ ਤਾਂ ਸਕੂਲ ਨੂੰ ਚਾਹੀਦਾ ਹੈ ਕਿ ਇਹ ਤੁਹਾਨੂੰ ਹੋਰ ਜ਼ਿਆਦਾ ਸੁਤੰਤ੍ਰ ਹੋਣ ਵਿਚ ਸਹਾਇਤਾ ਕਰੇ।

ਕਿਉਂਕਿ ਤੁਸੀਂ ਡਿਸਏਬਲਡ ਹੋ, ਕੇਵਲ ਇਸੇ ਕਾਰਣ ਹੀ ਤੁਹਾਡੇ ਸਕੂਲ ਨੂੰ ਤੁਹਾਡੇ ਨਾਲ ਹੋਰ ਵਿਦਿਆਰਥੀਆਂ ਨਾਲੋਂ ਮਾੜਾ ਸਲੂਕ ਨਹੀਂ ਕਰਨਾ ਚਾਹੀਦਾ।

ਜੇਕਰ ਤੁਹਾਨੂੰ ਕਿਸੇ ਕਾਰਣ ਸਜ਼ਾ ਦਿਤੀ ਜਾ ਰਹੀ ਹੈ ਤਾਂ ਸਜ਼ਾ ਦਾ ਮਕਸਦ ਤੁਹਾਡਾ ਅਪਮਾਨ ਕਰਨਾ ਜਾਂ ਤੁਹਾਨੂੰ ਬੇਇੱਜ਼ਤ ਕਰਨਾ ਨਹੀਂ ਹੋਣਾ ਚਾਹੀਦਾ। ਜੇਕਰ ਟੀਚਰ ਤੁਹਾਡੀ ਕੋਈ ਚੀਜ਼ ਲੈਂਦਾ ਹੈ ਤਾਂ ਸਕੂਲ ਤੋਂ ਬਾਦ ਇਹ ਤੁਹਾਨੂੰ ਵਾਪਸ ਕਰ ਦੇਣੀ ਚਾਹੀਦੀ ਹੈ ਜਦੋਂ ਤਕ ਕਿ ਇਹ ਖਤਰਨਾਕ ਜਾਂ ਕਾਨੂੰਨ ਦੇ ਵਿਰੁੱਧ ਨਾ ਹੋਵੇ।

ਜੇਕਰ ਤੁਸੀਂ ਨਹੀਂ ਚਾਹੁੰਦੇ ਤਾਂ ਤੁਹਾਨੂੰ ਕਿਸੇ ਨਿੱਜੀ ਜਾਂ ਗੁਪਤ ਚੀਜ਼ ਬਾਰੇ ਸਕੂਲ ਨੂੰ ਦਸਣ ਦੀ ਲੋੜ ਨਹੀਂ ਹੈ।

ਜੇਕਰ ਤੁਸੀਂ ਆਪਣੇ ਸਕੂਲ ਨੂੰ ਕੋਈ ਨਿੱਜੀ ਜਾਂ ਗੁਪਤ ਚੀਜ਼ ਦਸਦੇ ਹੋ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਸਾਧਾਰਣ ਰੂਪ ਵਿਚ ਇਸ ਨੂੰ ਗੁਪਤ ਰੱਖਣ।

ਸਕੂਲ ਵਿਚ ਤੁਹਾਨੂੰ ਆਰਾਮ ਕਰਨ ਅਤੇ ਖੇਲਣ ਦਾ ਸਮਾਂ ਦਿਤਾ ਜਾਣਾ ਚਾਹੀਦਾ ਹੈ। ਤੁਹਾਨੂੰ ਬਰੇਕ ਦੇ ਸਮੇਂ ਜਾਂ ਲੰਚ ਦੇ ਸਮੇਂ ਵਿਚ ਸਕੂਲ ਦਾ ਕੰਮ ਕਰਨ ਦੀ ਲੋੜ ਨਹੀਂ ਹੋਣੀ ਚਾਹੀਦੀ।